# ਤੁਲਨਾਤਮਕ ਵਿਧੀ ਦਾ ਖੇਤਰ

# Scope of Comparative Politics



# ਤੁਲਨਾਤਮਕ ਵਿਧੀ ਦਾ ਖੇਤਰ

ਤੁਲਨਾਤਮਕ ਵਿਧੀ ਦੀ ਵਰਤੋਂ ਰਾਜਨੀਤਿਕ ਪ੍ਰਣਾਲ਼ੀਆਂ ਦੀ ਆਪਸੀ ਤੁਲਨਾ ਕਰਨ ਲਈ ਵੀ ਕੀਤੀ ਜਾ ਸਕਦੀ ਹੈ ਅਤੇ ਦੋ ਰਾਜਨੀਤਿਕ ਪ੍ਰਣਾਲ਼ੀਆਂ ਦੇ ਕਿਸੇ ਇੱਕ ਪਹਿਲੂ ਦਾ ਅਧਿਐਨ ਕਰਨ ਲਈ ਵੀ। ਤੁਲਨਾ ਲਈ ਕਿਹੜਾ ਅਤੇ ਕਿੰਨਾ ਕੁ ਖੇਤਰ ਲਿਆ ਜਾਣਾ ਹੈ ਇਹ ਇਸ ਗੱਲ ਦੇ ਨਿਰਭਰ ਕਰਦਾ ਹੈ ਕਿ ਅਧਿਐਨ ਦੀ ਉਦੇਸ਼ ਕੀ ਹੈ ਅਤੇ ਅਧਿਐਨ ਕਰਤਾ ਕੋਲ਼ ਸਾਧਨ ਕਿੰਨੇ ਕੁ ਹਨ

# 1. ਵਿਸ਼ਾਲ ਪੱਧਰੀ ਅਧਿਐਨ
# (Macro Level Study)

ਵਿਸ਼ਾਲ ਪੱਧਰੀ ਅਧਿਐਨ ਉਹ ਹੁੰਦਾ ਹੈ ਜਿਸ ਵਿੱਚ ਦੋ ਰਾਜਨੀਤਿ
ਪ੍ਰਣਾਲ਼ੀਆਂ ਦੀ ਆਪਸੀ ਤੁਲਨਾ ਕੀਤੀ ਜਾਂਦੀ ਹੈ। ਅਜਿਹੇ ਅਧਿਐਨ ਵਿ
ਕਿਸੇ ਰਾਜਨੀਤਿਕ ਪ੍ਰਣਾਲ਼ੀ ਦੇ ਸਰੂਪ ਅਤੇ ਉਸਦੀ ਕਾਰਜਸ਼ੀਲਤਾ
ਪ੍ਰਭਾਵਿਤ ਕਰਨ ਵਾਲ਼ੇ ਲਗਭਗ ਸਾਰੇ ਤੱਥਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ
ਇਸ ਅਧਿਐਨ ਦੇ ਆਧਾਰ ਤੇ ਫਿਰ ਤੁਲਨਾ ਅਧੀਨ ਪ੍ਰਣਾਲ਼ੀਆਂ ਵਿ
ਸਮਾਨਤਾਵਾਂ ਅਤੇ ਅੰਤਰਾਂ ਦੀ ਪਹਿਚਾਣ ਕੀਤੀ ਜਾਂਦੀ ਹੈ ਅਤੇ ਉਹਨਾ
ਵਿਆਖਿਆ ਕੀਤੀ ਜਾਂਦੀ ਹੈ।



# 2. ਸੂਖਮ ਪੱਧਰੀ ਅਧਿਐਨ
# (Micro Level Study)

ਜਦੋਂ ਦੋ ਰਾਜਨੀਤਿਕ ਪ੍ਰਣਾਲ਼ੀਆਂ ਦੀ ਥਾਂ ਉਹਨਾਂ ਦੀ ਕਿਸੇ ਸੰਸਥਾ ਦੀ ਤੁਲਨਾ ਕੀਤੀ ਜਾਂਦੀ ਹੈ ਤਾਂ ਇਸਨੂੰ ਸੂਖਮ ਪੱਧਰੀ ਅਧਿਐਨ ਕਿਹਾ ਜਾਂਦਾ ਹੈ। ਇੱਕ ਰਾਜ ਦੇ ਵਿਧਾਨਮੰਡਲ ਦੇ ਦੂਜੇ ਰਾਜ ਦੇ ਵਿਧਾਨਮੰਡਲ ਨਾਲ਼ ਤੁਲਨਾ, ਭਾਰਤ ਦੇ ਰਾਸ਼ਟਰਪਤੀ ਦੀ ਇੰਗਲੈਂਡ ਦੇ ਬਾਦਸ਼ਾਹ ਨਾਲ਼ ਤੁਲਨਾ, ਇੰਗਲੈਂਡ ਦੀ ਸੰਸਦ ਦੀ ਕਮੇਟੀ ਪ੍ਰਣਾਲ਼ੀ ਦੀ ਅਮਰੀਕਨ ਕਾਂਗਰਸ ਦੀ ਕਮੇਟੀ ਪ੍ਰਣਾਲ਼ੀ ਨਾਲ਼ ਤੁਲਨਾ ਆਦਿ ਨੂੰ ਸੂਖਮ ਪੱਧਰੀ ਅਧਿਐਨ ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ।



# 3. ਘੱਟ ਖੇਤਰ ਵਾਲ਼ੀਆਂ ਇਕਾਈਆਂ ਦਾ ਅਧਿਐਨ
# (Study of Units of Lesser Scope)

ਹਰ ਰਾਜਨੀਤਿਕ ਪ੍ਰਣਾਲ਼ੀ ਇੱਕ ਵਾਤਾਵਰਣ ਵਿੱਚ ਕੰਮ ਕਰਦੀ ਹੈ ਜਿੱਥੇ ਇਸਦੀ ਕਾਰਜਸ਼ੀਲਤਾ ਨੂੰ ਦਬਾਉ ਸਮੂਹ, ਰਾਜਨੀਤਿਕ ਦਲ, ਸੰਪਰਦਾਇਕ ਸੰਸਥਾਵਾਂ, ਜਾਤੀਵਾਦ, ਖੇਤਰਵਾਦ, ਨਸਲਵਾਦ ਆਦਿ ਪ੍ਰਭਾਵਿਤ ਕਰਦੇ ਹਨ। ਇਹਨਾਂ ਤੱਥਾਂ ਨੂੰ ਮਿਲਾ ਕੇ ਕਿਸੇ ਰਾਜਨੀਤਿਕ ਪ੍ਰਣਾਲ਼ੀ ਦਾ ਆਧਾਰਕ ਢਾਂਚਾ ਬਣਦਾ ਹੈ। ਇਸ ਆਧਾਰਕ ਢਾਂਚੇ ਦੇ ਅਧਿਐਨ ਤੋਂ ਬਿਨਾਂ ਕਿਸੇ ਰਾਜਨੀਤਿਕ ਪ੍ਰਣਾਲ਼ੀ ਦੀ ਕਾਰਜਸ਼ੀਲਤਾ ਨੂੰ ਸਹੀ ਤਰੀਕੇ ਨਾਲ਼ ਨਹੀਂ ਸਮਝਿਆ ਜਾ ਸਕਦਾ। ਇਸ ਲਈ ਤੁਲਨਾਤਮਕ ਵਿਧੀ ਵਿੱਚ ਦੋ ਰਾਜਨੀਤਿਕ ਪ੍ਰਣਾਲ਼ੀਆਂ ਦੇ ਆਧਾਰਕ ਢਾਂਚੇ ਦੇ ਕਿਸੇ ਤੱਥ ਦੀ ਵੀ ਤੁਲਨਾ ਕੀਤੀ ਜਾ ਸਕਦੀ ਹੈ।

- Communal Organisations
- Pressure Groups
- Political parties
- Casteism
- Racialism
- Regionalism
- Linguism

# 4. ਸਮਤਲ ਅਤੇ ਖੜ੍ਹਵੀਂ ਤੁਲਨਾ
# (Horizontal and Vertical Comparison)

ਜਦੋਂ ਵੱਖ-ਵੱਖ ਰਾਜਨੀਤਿਕ ਪ੍ਰਣਾਲ਼ੀਆਂ ਦੀ ਤੁਲਨਾ ਕੀਤੀ ਜਾਂਦੀ ਹੈ ਤਾਂ ਉਸਨੂੰ ਸਮਤਲ ਤੁਲਨਾ ਕਿਹਾ ਜਾਂਦਾ ਹੈ। ਜਦੋਂ ਇੱਕ ਹੀ ਰਾਜਨੀਤਿਕ ਪ੍ਰਣਾਲ਼ੀ ਦੀਆਂ ਰਾਜਨੀਤਿਕ ਸੰਰਚਨਾਵਾਂ ਦੀ ਤੁਲਨਾ ਕੀਤੀ ਜਾਂਦੀ ਹੈ ਤਾਂ ਇਸਨੂੰ ਖੜ੍ਹਵੀਂ ਤੁਲਨਾ ਕਿਹਾ ਜਾਂਦਾ ਹੈ। ਤੁਲਨਾਤਮਕ ਵਿਧੀ ਰਾਹੀਂ ਸਮਤਲ ਅਤੇ ਖੜ੍ਹਵੀਂ ਦੋਵੇਂ ਤਰਾਂ ਦੀ ਤੁਲਨਾ ਕੀਤੀ ਜਾਂਦੀ ਹੈ।

**<u>ਸਮਤਲ ਤੁਲਨਾ</u>**

- ਯੂ ਐਸ ਏ- ਭਾਰਤ
- ਪਾਕਿਸਤਾਨ- ਇੰਗਲੈਂਡ

**<u>ਖੜ੍ਹਵੀਂ ਤੁਲਨਾ</u>**

- ਤਾਮਿਲ ਨਾਡੂ ਦੀ ਦਲ ਪ੍ਰਣਾਲ਼ੀ- ਪੰਜਾਬ ਦੀ ਦਲ ਪ੍ਰਣਾਲ਼ੀ
- ਹਰਿਆਣਾ ਵਿਧਾਨ ਸਭਾ- ਪੰਜਾਬ ਵਿਧਾਨ ਸਭਾ

# ਸਿੱਟਾ
# (Conclusion)

ਤੁਲਨਾਤਮਕ ਵਿਧੀ ਦਾ ਖੇਤਰ ਬਹੁਤ ਵਿਸ਼ਾਲ ਹੈ। ਇਹ ਅਧਿਐਨ ਕਰਤਾ ਤੇ ਨਿਰਭਰ ਕਰਦਾ ਹੈ ਕਿ ਉਹ ਕਿਹੜੇ ਉਦੇਸ਼ ਨਾ.ਲ਼ ਤੁਲਨਤਾਮਕ ਅਧਿਐਨ ਕਰ ਰਿਹਾ ਹੈ ਅਤੇ ਉਸ ਕੋ.ਲ਼ ਕਿੰਨੇ ਕੁ ਸਾਧਨ ਉਪਲਭਧ ਹਨ। ਉਦੇਸ਼ ਅਤੇ ਸਾਧਨਾਂ ਦੀ ਉਪਲਭਧਤਾ ਦੇ ਆਧਾਰ ਤੇ ਤੁਲਨਾ ਦੀਆਂ ਇਕਾਈਆਂ ਦੀ ਚੋਣ ਕੀਤੀ ਜਾਂਦੀ ਹੈ।

# ਤੁਲਨਾਤਮਕ ਵਿਧੀ ਦੀ ਮਹੱਤਤਾ
# (Importance of Comparative Method)


ਤੁਲਨਾਤਮਕ ਰਾਜਨੀਤੀ ਸ਼ੁਰੂ ਤੋਂ ਹੀ ਰਾਜਨੀਤੀ ਸ਼ਾਸਤਰੀਆਂ ਲਈ ਦਿਲਚਸਪੀ ਦਾ ਵਿਸ਼ਾ ਰਿਹਾ ਹੈ। ਰਾਜਨੀਤੀ ਸ਼ਾਸਤਰ ਦੇ ਪਿਤਾਮਾ ਅਰਸਤੂ ਨੇ ਤੁਲਨਾਤਮਕ ਰਾਜਨੀਤੀ ਦੇ ਆਧਾਰ ਤੇ ਰਾਜਾਂ ਨੂੰ ਆਉਣ ਵਾਲ਼ੀਆਂ ਸਮੱਸਿਆਵਾਂ ਅਤੇ ਉਹਨਾ ਤੋਂ ਬਚਾਅ ਦੇ ਸਾਧਨਾਂ ਬਾਰੇ ਬਹੁਤ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਸੀ। ਤੁਲਨਾਤਮਕ ਵਿਧੀ ਦੀ ਵਰਤੋਂ ਨਾਲ਼ ਤੁਲਨਾਤਮਕ ਰਾਜਨੀਤੀ ਹੋਰ ਵੀ ਉਪਯੋਗੀ ਬਣ ਗਈ ਹੈ ਕਿਉਂਕਿ ਇਸ ਵਿਧੀ ਅਧੀਨ ਕੀਤਾ ਗਿਆ ਅਧਿਐਨ ਵਿਗਿਆਨਕ ਵਿਧੀਆਂ ਦੇ ਆਧਾਰ ਤੇ ਕੀਤਾ ਗਿਆ ਹੋਣ ਕਰਕੇ ਵਧੇਰੇ ਉਪਯੋਗੀ ਹੁੰਦਾ ਹੈ।

# 1. ਮਨੁੱਖੀ ਵਿਵਹਾਰ ਦਾ ਭਰੋਸੇਯੋਗ ਅਧਿਐਨ
# (Trustworthy study of Human Behaviour)

ਰਾਜਨੀਤੀ ਮਨੁੱਖੀ ਵਿਵਹਾਰ ਨਾ.ਲ ਸੰਬੰਧਿਤ ਹੈ। ਕਿਸੇ ਰਾਜਨੀਤਿਕ ਪ੍ਰਣਾ.ਲੀ ਦੀ ਕਾਰਜਸ਼ੀਲਤਾ ਨੂੰ ਸਮਝਣ ਲਈ ਉੱਥੋਂ ਦੇ ਮਨੁੱਖੀ ਵਿਵਹਾਰ ਦਾ ਅਧਿਐਨ ਕਰਨਾ ਬਹੁਤ ਜਰੂਰੀ ਹੈ ਤਾਂ ਹੀ ਅਧਿਐਨਕਰਤਾ ਕਿਸੇ ਭਰੋਸੇਯੋਗ ਨਿਯਮ ਜਾਂ ਸਿਧਾਂਤ ਦਾ ਨਿਰਮਾਣ ਕਰ ਸਕਦਾ ਹੈ। ਤੁਲਨਾਤਮਕ ਵਿਧੀ ਨਾ.ਲ ਮਨੁੱਖੀ ਵਿਵਹਾਰ ਦਾ ਭਰੋਸੇਯੋਗ ਅਧਿਐਨ ਸੰਭਵ ਹੋ ਸਕਿਆ ਹੈ।

# 2. ਵਿਗਿਆਨਕ ਅਧਿਐਨ
# (Scientific Study)

ਤੁਲਨਾਤਮਕ ਵਿਧੀ ਵਿਗਿਆਨਕ ਅਧਿਐਨ ਨੂੰ ਹੀ ਸਵੀਕਾਰ ਕਰਦੀ ਹੈ। ਵਿਗਿਆਨਕ ਅਧਿਐਨ ਵਿੱਚ ਖੋਜਕਰਤਾ ਦੀਆਂ ਆਪਣੀਆਂ ਭਾਵਨਾਵਾਂ ਅਤੇ ਕਦਰਾਂ-ਕੀਮਤਾਂ ਦਾ ਨਤੀਜਿਆਂ ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਉਹ ਜੋ ਵੀ ਨਤੀਜਾ ਕੱਢਦਾ ਹੈ ਉਹ ਤੱਥਾਂ ਦੀ ਪੜਚੋਲ ਕਰਕੇ ਹੀ ਉਸ ਨਤੀਜੇ ਤੇ ਪਹੁੰਚਿਆ ਹੁੰਦਾ ਹੈ।



# 3. ਤਰਤੀਬਵਾਰ ਅਧਿਐਨ
# (Systematic Study)

ਤਰਤੀਬਵਾਰਤਾ ਦਾ ਅਰਥ ਹੈ ਕਿ ਜਿਹੜਾ ਖੋਜਕਾਰ ਕੋਈ ਖੋਜ ਕਾਰਜ ਕਰਨਾ ਚਾਹੁੰਦਾ ਹੈ ਉਹ ਆਪਣੇ ਅਧਿਐਨ ਦੇ ਖੇਤਰ ਵਿੱਚ ਹੋ ਚੁੱਕੀ ਖੋਜ ਦਾ ਅਧਿਐਨ ਕਰਦਾ ਹੈ। ਜੋ ਅਧਿਐਨ ਅਤੇ ਸਿਧਾਂਤ ਉਪਲਬਧ ਹੁੰਦੇ ਹਨ, ਉਹਨਾ ਨੂੰ ਜਾਂ ਸਵੀਕਾਰ ਕਰਦਾ ਹੈ ਅਤੇ ਜਾਂ ਫਿਰ ਉਹਨਾ ਨੂੰ ਚੁਣੌਤੀ ਦਿੰਦਾ ਹੈ। ਜੇਕਰ ਕਿਸੇ ਸਿਧਾਂਤ ਨੂੰ ਚੁਣੌਤੀ ਦਿੰਦਾ ਹੈ ਤਾਂ ਆਪਣੀ ਖੋਜ ਨਾਲ਼ ਉਸਦੇ ਸਹੀ ਨਾ ਹੋਣ ਨੂੰ ਸਿੱਧ ਕਰਦਾ ਹੈ। ਜੇਕਰ ਉਹ ਸਿੱਧ ਹੋ ਚੁੱਕੇ ਸਿਧਾਂਤਾਂ ਨੂੰ ਸਵੀਕਾਰ ਕਰਦਾ ਹੈ ਤਾਂ ਉਹਨਾ ਸਿਧਾਂਤਾਂ ਦੇ ਆਧਾਰ ਤੇ ਰਾਜਨੀਤਿਕ ਜੀਵਨ ਵਿੱਚ ਕਿਸ ਨਵੇਂ ਨਿਯਮ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਤਰਤੀਬਵਾਰਤਾ ਵਿਗਿਆਨਕ ਅਧਿਐਨ ਦੀ ਇੱਕ ਵਿਸ਼ੇਸ਼ਤਾ ਅਤੇ ਸ਼ਰਤ ਹੈ। ਜਿਹੜਾ ਅਧਿਐਨ ਤਰਤੀਬਵਾਰ ਨਹੀਂ ਹੈ ਉਸਨੂੰ ਵਿਗਿਆਨਕ ਅਧਿਐਨ ਨਹੀਂ ਮੰਨਿਆਂ ਜਾ ਸਕਦਾ।

# 4. ਪ੍ਰਚੱਲਿਤ ਸਿਧਾਂਤਾਂ ਦੀ ਪੁਸ਼ਟੀ
# (Verification of Existing Theories)

ਗਿਆਨ ਸਮੇਂ ਅਤੇ ਸਥਿਤੀ ਅਨੁਸਾਰ ਉਪਲਬਧ ਜਾਣਕਾਰੀ ਦੇ ਆਧਾਰ ਤੇ ਸਿਰਜਿਆ ਜਾਂਦਾ ਹੈ। ਤੁਲਨਾਤਮਕ ਵਿਧੀ ਅਧੀਨ ਕੋਈ ਖੋਜਕਾਰ ਪੁਰਾਣੇ ਸਿਧਾਂਤਾਂ ਦੀ ਉੱਚਿਤਤਾ ਦੀ ਪਰਖ ਕਰ ਸਕਦਾ ਹੈ। ਅਜਿਹਾ ਕਰਨ ਨਾਲ਼ ਪ੍ਰਚੱਲਿਤ ਸਿਧਾਂਤਾਂ ਦੀ ਪੁਸ਼ਟੀ ਹੁੰਦੀ ਰਹਿੰਦੀ ਹੈ।

ਉਦਾਹਰਣ:

- ਪਰਿਕਲਪਨਾ$_0$

ਕੋਰੋਨਾ ਦਾ ਪੜ੍ਹਾਈ ਤੇ ਕੋਈ ਪ੍ਰਭਾਵ ਨਹੀਂ ਪਿਆ

- ਪਰਿਕਲਪਨਾ$_1$

ਕੋਰੋਨਾ ਨੇ ਪੜ੍ਹਾਈ ਦਾ ਨੁਕਸਾਨ ਕੀਤਾ ਹੈ।

# 5. ਸਿਧਾਂਤ ਨਿਰਮਾਣ ਸੰਭਵ ਹੈ
# (Theory Building is Possible)

ਤੁਲਨਾਤਮਕ ਵਿਧੀ ਅਨੁਸਾਰ ਕੀਤੇ ਅਧਿਐਨ ਦਾ ਉਦੇਸ਼ ਸਿਧਾਂਤ ਨਿਰਮਾਣ ਹੁੰਦਾ ਹੈ। ਸਿਧਾਂਤ ਨਿਰਮਾਣ ਲਈ ਕਿਸੇ ਖੇਤਰ ਵਿੱਚ ਕਈ ਵਾਰੀ ਅਧਿਐਨ ਕਰਨ ਤੇ ਇੱਕ ਹੀ ਨਤੀਜੇ ਦਾ ਵਾਰ–ਵਾਰ ਆਉਣਾ ਜਰੂਰੀ ਹੁੰਦਾ ਹੈ। ਕਦਰਾਂ–ਕੀਮਤਾਂ ਰਹਿਤ ਅਧਿਐਨ ਹੋਣ ਕਰਕੇ ਤੁਲਨਤਾਮਕ ਰਾਜਨੀਤੀ ਵਿੱਚ ਸਿਧਾਂਤ ਨਿਰਮਾਣ ਸੰਭਵ ਹੁੰਦਾ ਹੈ।

# 6. ਸਧਾਰਨੀਕਰਨ ਸੰਭਵ ਹੈ
# (Generalisation is Possible)

ਸਮਾਜਿਕ ਵਿਗਿਆਨਾਂ ਵਿੱਚ ਕਿਸੇ ਵਿਸ਼ੇ ਨਾਲ਼ ਜੁੜੇ ਸਾਰੇ ਮਨੁੱਖਾਂ ਜਾਂ ਸਾਰੀਆਂ ਸੰਸਥਾਵਾਂ ਦਾ ਸਰਵੇ ਕਰਨਾ ਸੰਭਵ ਨਹੀਂ ਹੁੰਦਾ। ਤੁਲਨਾਤਮਕ ਵਿਧੀ ਦੀ ਵਰਤੋਂ ਕਰਕੇ ਜਿਹੜੇ ਨਤੀਜੇ ਕੁੱਝ ਸੰਸਥਾਵਾਂ ਦਾ ਅਧਿਐਨ ਕਰਕੇ ਪ੍ਰਾਪਤ ਹੁੰਦੇ ਹਨ, ਅਜਿਹਾ ਮੰਨਿਆਂ ਜਾਂਦਾ ਹੈ ਕਿ ਉਹੋ ਨਤੀਜੇ ਸਮਾਨ ਸਥਿਤੀ ਵਿੱਚ ਕੰਮ ਕਰ ਰਹੀਆਂ ਹੋਰ ਸਮਾਨਾਂਤਰ ਸੰਸਥਾਵਾਂ ਵੀ ਉਸੇ ਹੀ ਤਰਾਂ ਕੰਮ ਕਰ ਰਹੀਆਂ ਹਨ। ਇਸ ਤਰਾਂ ਤੁਲਨਾਤਮਕ ਵਿਧੀ ਰਾਹੀਂ ਸਧਾਰਨੀਕਰਨ ਸੰਭਵ ਹੈ।

- Total students= 1000

<u>**Voting Behaviour determinants**</u>

- Religion: 100
- Caste: 100
- Employment: 400
- Infrastructure: 100
- Economic policies: 200
- Free data: 100

# 7. ਰਾਜਨੀਤੀ ਦੇ ਖੇਤਰ ਨੂੰ ਵਿਸ਼ਾਲਤਾ ਪ੍ਰਦਾਨ ਕਰਨਾ
# (Widened the Scope of Political Science)

ਤੁਲਨਾਤਮਕ ਵਿਧੀ ਵਿੱਚ ਉਹਨਾ ਸਾਰੇ ਤੱਥਾਂ ਦਾ ਅਧਿਐਨ ਕੀਤਾ ਜਾਂਦਾ ਹੈ ਜਿਹੜੇ ਰਾਜਨੀਤਿਕ ਸੰਸਥਾਵਾਂ ਦੀ ਕਾਰਜਸ਼ੀਲਤਾ ਨੂੰ ਪ੍ਰਭਾਵਿਤ ਕਰਦੇ ਹਨ, ਜਿਵੇਂ ਕਿ ਦਬਾਉ ਸਮੂਹ, ਸਮਾਜਿਕ ਸੰਗਠਨ, ਰਾਜਨੀਤਿਕ ਦਲ ਆਦਿ। ਇਹਨਾ ਤੱਥਾਂ ਦੇ ਅਧਿਐਨ ਵਿੱਚ ਸ਼ਾਮਿਲ ਹੋਣ ਨਾਲ਼ ਰਾਜਨੀਤੀ ਸ਼ਾਸਤਰ ਦੇ ਅਧਿਐਨ ਖੇਤਰ ਦਾ ਵਿਸਥਾਰ ਹੋਇਆ ਹੈ।

# ਸਿੱਟਾ
# (Conclusion)

ਤੁਲਨਾਤਮਕ ਵਿਧੀ ਨੇ ਰਾਜਨੀਤੀ ਸ਼ਾਸਤਰ ਦੇ ਵਿਸ਼ੇ ਨੂੰ ਵਧੇਰੇ ਵਿਗਿਆਨਕ, ਵਧੇਰੇ ਉਪਯੋਗੀ ਅਤੇ ਵਧੇਰੇ ਦਿਲਚਸਪ ਬਣਾਇਆ ਹੈ। ਇਸ ਵਿਧੀ ਅਨੁਸਾਰ ਅਧਿਐਨ ਅਧੀਨ ਇਕਾਈਆਂ ਦੇ ਰਸਮੀ ਅਤੇ ਗੈਰ-ਰਸਮੀ ਸਾਰੇ ਢਾਂਚਿਆਂ ਦੀ ਪੜਚੋਲ ਕੀਤੀ ਜਾਂਦੀ ਹੈ। ਇਸ ਲਈ ਅਧਿਐਨ ਸਹੀ ਜਾਣਕਾਰੀ ਪ੍ਰਦਾਨ ਕਰਨ ਦੇ ਸਮਰੱਥ ਹੁੰਦਾ ਹੈ ਅਤੇ ਭਰੋਸੇਯੋਗ ਸਿਧਾਂਤ ਨਿਸ਼ਚਿਤ ਕਰਨੇ ਸੰਭਵ ਹੁੰਦੇ ਹਨ।

# ਤੁਲਨਾਤਮਕ ਵਿਧੀ ਦੇ ਰਸਤੇ ਵਿੱਚ ਰੁਕਾਵਟਾਂ

## Difficulties in the way of Comparative Method

# 1. ਸਰਵ–ਸੰਮਤੀ ਦੀ ਘਾਟ
# (Lack of Unanimity)

ਤੁਲਨਾਤਮਕ ਵਿਧੀ ਅਧੀਨ ਕਈ ਨਵੀਆਂ ਧਾਰਨਾਵਾਂ ਦਾ ਵਿਕਾਸ ਹੋਇਆ ਹੈ। ਪ੍ਰੰਤੂ ਤੁਲਨਾਤਮਕ ਵਿਧੀ ਦੇ ਵਿਦਵਾਨਾਂ ਵਿੱਚ ਵੀ ਉਹਨਾਂ ਧਾਰਨਾਵਾਂ ਦੇ ਅਰਥਾਂ ਪ੍ਰਤੀ ਸਰਵ–ਸੰਮਤੀ ਨਹੀਂ ਹੈ। ਇਸਨੂੰ ਸਾਰਟਰੀ (Sartori) ਨੇ 'ਵਿਚਾਰਕ ਖਿਚਾਅ' (Conceptual Streching) ਕਿਹਾ ਹੈ। ਵਿਚਾਰਾਂ ਦੇ ਅਜਿਹੇ ਖਿਚਾਅ ਦੇ ਹੁੰਦਿਆਂ ਤੁਲਨਾਤਮਕ ਵਿਧੀ ਦੀ ਵਰਤੋਂ ਵਿੱਚ ਕਠਿਨਾਈ ਆਉਂਦੀ ਹੈ।

# 2. ਤੱਥਾਂ ਦੀ ਖੋਜ ਦੀ ਸਮੱਸਿਆ
# (Problem of Fact Finding)

ਰਾਜਨੀਤਿਕ ਤੱਥ ਇਕੱਠੇ ਕਰਨੇ ਆਸਾਨ ਨਹੀਂ ਹੁੰਦੇ। ਰਾਜਨੀਤਿਕ ਪ੍ਰਣਾਲ਼ੀ ਦੇ ਸੰਚਾਲਕ ਬਹੁਤ ਸਾਰੇ ਤੱਥਾਂ ਨੂੰ ਜਨਤਕ ਹਿੱਤ ਦਾ ਬਹਾਨਾ ਬਣਾ ਕੇ ਲੁਕੋ ਲੈਂਦੇ ਹਨ ਅਤੇ ਅਜਿਹੇ ਤੱਥ ਜੇਕਰ ਕਿਸੇ ਕੋਲ਼ ਪਹੁੰਚ ਵੀ ਜਾਣ ਤਾਂ ਉਹ ਇਹਨਾਂ ਦੀ ਵਰਤੋਂ ਖੋਜ-ਕਾਰਜ ਲਈ ਨਹੀਂ ਕਰ ਸਕਦਾ। ਤਾਨਾਸ਼ਾਹੀ ਅਤੇ ਸਰਵਸੱਤਾਵਾਦੀ ਰਾਜਨੀਤਿਕ ਪ੍ਰਣਾਲ਼ੀਆਂ ਵਿੱਚ ਤਾਂ ਸਰਕਾਰ ਦੇ ਸੰਚਾਲਨ ਨਾਲ਼ ਸੰਬੰਧਿਤ ਬਹੁਤੇ ਤੱਥ ਗੁਪਤ ਹੁੰਦੇ ਹੀ ਹਨ, ਲੋਕਤੰਤਰੀ ਪ੍ਰਣਾਲ਼ੀਆਂ ਵਿੱਚ ਵੀ ਕੁੱਝ ਹੱਦ ਤੱਕ ਗੁਪਤਤਾ ਕਾਇਮ ਰੱਖੀ ਜਾਂਦੀ ਹੈ।

# 3. ਸਾਧਨਾਂ ਦੀ ਘਾਟ
# (Lack of Resources)

ਤੁਲਨਾਤਮਕ ਵਿਧੀ ਦਾ ਖੇਤਰ ਬਹੁਤ ਵਿਸ਼ਾਲ ਹੋ ਗਿਆ ਹੈ ਕਿਉਂਕਿ ਇਸ ਵਿੱਚ ਉਹਨਾਂ ਸਾਰੇ ਤੱਥਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਿਹੜੇ ਰਾਜਨੀਤਿਕ ਸੰਸਥਾਵਾਂ ਦੀ ਕਾਰਜਸ਼ੀਲਤਾ ਨੂੰ ਪ੍ਰਭਾਵਿਤ ਕਰਦੇ ਹਨ। ਪ੍ਰੰਤੂ ਇੱਕ ਖੋਜਕਾਰ ਕੋਲ਼ ਐਨੇ ਆਰਥਿਕ ਅਤੇ ਭੌਤਿਕ ਸਾਧਨ ਨਹੀਂ ਹੁੰਦੇ ਕਿ ਉਹ ਅਧਿਐਨ ਅਧੀਨ ਇਕਾਈਆਂ ਸੰਬੰਧੀ ਸਾਰੇ ਤੱਥਾਂ ਸੰਬੰਧੀ ਤੱਥ ਇਕੱਠੇ ਕਰ ਸਕੇ।

# 4. ਸਿਧਾਂਤ ਅਤੇ ਵਿਵਹਾਰ ਵਿੱਚ ਅੰਤਰ
# (Difference Between Theory and Practice)

ਕਈ ਵਾਰੀ ਦੋ ਰਾਜਨੀਤਿਕ ਪ੍ਰਣਾਲ਼ੀਆਂ ਇੱਕ ਹੀ ਸਿਧਾਂਤ ਤੇ ਆਧਾਰਿਤ ਹੁੰਦੀਆਂ ਹਨ, ਪ੍ਰੰਤੂ ਉਹਨਾਂ ਦੀ ਕਾਰਜਸ਼ੈਲੀ ਵਿੱਚ ਬਹੁਤ ਅੰਤਰ ਹੁੰਦਾ ਹੈ। ਕਈ ਵਾਰੀ ਸਰਕਾਰ ਦੀਆਂ ਨੀਤੀਆਂ ਸਿਧਾਂਤ ਵਿੱਚ ਕੁੱਝ ਹੋਰ ਹੁੰਦੀਆਂ ਹਨ, ਪ੍ਰੰਤੂ ਵਿਵਹਾਰ ਵਿੱਚ ਉਹਨਾ ਪਿੱਛੇ ਕੋਈ ਰਾਜਨੀਤਿਕ ਕਾਰਨ ਲੁਕੇ ਹੋਏ ਹੁੰਦੇ ਹਨ। ਅਜਿਹੇ ਵਿੱਚ ਇੱਕ ਰਾਜਨੀਤੀ ਸ਼ਾਸਤਰੀ ਲਈ ਸਿਧਾਂਤ ਅਤੇ ਵਿਵਹਾਰ ਵਿੱਚ ਅੰਤਰ ਦੀ ਪਹਿਚਾਣ ਕਰਨੀ, ਇਹਨਾਂ ਅੰਤਰਾਂ ਦੇ ਕਾਰਨਾਂ ਨੂੰ ਲੱਭਣਾ ਅਤੇ ਫਿਰ ਕਿਸੇ ਸਿੱਟੇ ਤੇ ਪਹੁੰਚਣਾ ਬਹੁਤ ਮੁਸ਼ਕਿਲ ਕਾਰਜ ਹੋ ਜਾਂਦਾ ਹੈ।

# 5. ਤੱਥਾਂ ਦਾ ਵਿਸ਼ਾਲ ਖੇਤਰ
# (Wide Range of Variables)

ਰਾਜਨੀਤੀ ਵਿੱਚ ਪ੍ਰਭਾਵ ਪਾਉਣ ਵਾਲ਼ੇ (Independent Variables) ਅਤੇ ਪ੍ਰਭਾਵ ਗ੍ਰਹਿਣ ਕਰਨ ਵਾਲ਼ੇ (Dependent Variables) ਦੀ ਗਿਣਤੀ ਬਹੁਤ ਅਧਿਕ ਹੁੰਦੀ ਹੈ। ਇਹਨਾਂ ਤੱਥਾਂ ਦੇ ਪ੍ਰਭਾਵ ਦੀ ਤੀਬਰਤਾ ਵੀ ਸਾਰੇ ਸਮਾਜਾਂ ਵਿੱਚ ਇੱਕ ਸਮਾਨ ਨਹੀਂ ਹੁੰਦੀ। ਭਾਰਤ ਵਿੱਚ ਜਾਤੀ ਅਤੇ ਸੰਪਰਦਾਇਕਤਾ ਦੇ ਤੱਥ ਬਹੁਤ ਪ੍ਰਭਾਵਸ਼ਾਲੀ ਹਨ, ਅਤੇ ਵਿਕਸਿਤ ਰਾਜਾਂ ਵਿੱਚ ਇਹਨਾ ਦਾ ਪ੍ਰਭਾਵ ਭਾਰਤ ਨਾਲ਼ੋਂ ਘੱਟ ਹੋ ਸਕਦਾ ਹੈ। ਤੱਥਾਂ ਦੀ ਬਹੁਤ ਜ਼ਿਆਦਾ ਗਿਣਤੀ ਅਤੇ ਅਸਮਾਨ ਪ੍ਰਭਾਵਿਕਤਾ ਕਾਰਨ ਸਹੀ ਨਤੀਜੇ ਤੇ ਪਹੁੰਚਣਾ ਮੁਸ਼ਕਿਲ ਹੁੰਦਾ ਹੈ।

# 6. ਕਦਰਾਂ–ਕੀਮਤਾਂ ਮੁਕਤ ਅਧਿਐਨ ਸੰਭਵ ਨਹੀਂ ਹੈ
# (Value Free Study is not Possible)

ਰਾਜਨੀਤੀ ਵਰਗੇ ਵਿਸ਼ੇ ਵਿੱਚ ਕਿਸੇ ਵੀ ਅਧਿਐਨ ਕਰਤਾ ਦਾ ਪੂਰਨ ਤੌਰ ਤੇ ਨਿਰਪੱਖ ਰਹਿਣਾ ਸੰਭਵ ਨਹੀਂ ਹੁੰਦਾ। ਹਰ ਵਿਦਵਾਨ ਆਪਣੀ ਦਿਲਚਸਪੀ ਵਾਲ਼ਾ ਖੇਤਰ ਅਧਿਐਨ ਲਈ ਚੁਣਦਾ ਹੈ। ਇਸ ਲਈ ਵਿਸ਼ੇ ਦੀ ਚੋਣ ਵਿੱਚ ਵੀ ਵਿਅਕਤੀ ਦੀਆਂ ਕਦਰਾਂ–ਕੀਮਤਾਂ ਜੁੜੀਆਂ ਹੋਈਆਂ ਹੁੰਦੀਆਂ ਹਨ। ਰਾਜਨੀਤੀ ਦੇ ਕਿਸੇ ਮਾਹਿਰ ਵਿਅਕਤੀ ਤੋਂ ਇਹ ਉਮੀਦ ਰੱਖਣੀ ਤਰਕਸੰਗਤ ਨਹੀਂ ਹੈ ਕਿ ਉਸਦਾ ਕਿਸੇ ਰਾਜਨੀਤਿਕ ਵਿਚਾਰਧਾਰਾ ਵੱਲ ਕੋਈ ਝੁਕਾਅ ਹੀ ਨਹੀਂ ਹੋਵੇਗਾ।

## 7. ਪਰਿਕਲਪਨਾ ਦਾ ਵਾਰ–ਵਾਰ ਪ੍ਰੀਖਣ ਕਰਨ ਤੇ ਇੱਕੋ ਜਿਹੇ ਨਤੀਜੇ ਨਹੀਂ ਆਉਂਦੇ
## (Repeated Observation of Hypothesis cannot give idential results)

ਤੁਲਨਾਤਮਕ ਵਿਧੀ ਪਰਿਕਲਪਨਾ ਦੇ ਵਾਰ–ਵਾਰ ਪ੍ਰੀਖਣ ਤੇ ਜੋਰ ਦਿੰਦੀ ਹੈ ਤਾਂ ਕਿ ਨਿਯਮਾਂ ਨੂੰ ਸਿਧਾਂਤ ਵਿੱਚ ਬਦਲਿਆ ਜਾ ਸਕੇ। ਪ੍ਰੰਤੂ ਤੁਲਨਾਤਮਕ ਰਾਜਨੀਤੀ ਵਿੱਚ ਜਦੋਂ ਕੋਈ ਅਧਿਐਨ ਕਰਤਾ ਦੁਬਾਰਾ ਜਾਂਚ ਕਰਦਾ ਹੈ ਜਾਂ ਇੱਕੋ ਸਮੇਂ ਕਈ ਅਧਿਐਨ ਕਰਤਾ ਇੱਕੋ ਹੀ ਤੱਥ ਦੀ ਜਾਂਚ ਕਰਦੇ ਹਨ ਤਾਂ ਨਤੀਜੇ ਬਿਲਕੁਲ ਸਮਾਨ ਆਉਣ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੀ ਹੁੰਦੀ ਹੈ। ਇਸ ਲਈ ਸਿਧਾਂਤ ਨਿਰਮਾਣ ਲਈ ਤੁਲਨਾਤਮਕ ਵਿਧੀ ਦੀ ਵਰਤੋਂ ਲਗਭਗ ਅਸੰਭਵ ਹੈ।

# 8. ਅੰਤਰ–ਅਨੁਸ਼ਾਸਨੀ ਦ੍ਰਿਸ਼ਟੀਕੋਣ ਨਾਲ਼ ਅਧਿਐਨ ਖੇਤਰ ਬੇਕਾਬੂ ਹੋ ਗਿਆ ਹੈ
**(As a Result of Inter-Disciplinary Approach, Area of Study has became Uncotrolable)**

ਅੰਤਰ–ਅਨੁਸ਼ਾਸਨੀ ਅਧਿਐਨ ਨਾਲ਼ ਤੁਲਨਾਤਮਕ ਰਾਜਨੀਤੀ ਦਾ ਖੇਤਰ ਐਨਾ ਵਿਸ਼ਾਲ ਹੋ ਗਿਆ ਹੈ ਕਿ ਅਧਿਐਨ ਕਰਤਾ ਲਈ ਆਪਣੇ ਅਧਿਐਨ ਲਈ ਵਿਵਹਾਰਕ ਸੀਮਾਂ ਤੈਅ ਕਰਨੀ ਹੀ ਮੁਸ਼ਕਿਲ ਹੋ ਜਾਂਦੀ ਹੈ। ਰਾਜਨੀਤੀ ਨੂੰ ਐਨੇ ਵਿਸ਼ੇ ਪ੍ਰਭਾਵਿਤ ਕਰਦੇ ਹਨ ਕਿ ਕਿਸ ਵਿਸ਼ੇ ਨੂੰ ਛੱਡਿਆ ਜਾਵੇ ਅਤੇ ਕਿਸਨੂੰ ਅਧਿਐਨ ਵਿੱਚ ਸ਼ਾਮਿਲ ਕੀਤਾ ਜਾਵੇ ਇਹ ਇੱਕ ਚਿੜਾਉਣ ਵਾਲ਼ਾ ਪ੍ਰਸ਼ਨ ਬਣ ਜਾਂਦਾ ਹੈ।

## 9. ਵਿਸ਼ਵਵਿਆਪੀ ਪ੍ਰਭਾਵ ਵਾਲ਼ੇ ਨਿਯਮਾਂ ਦਾ ਨਿਰਮਾਣ ਸੰਭਵ ਨਹੀਂ ਹੈ
## (Framing of Universal Laws in not Possible)

ਤੁਲਨਾਤਮਕ ਵਿਧੀ ਮਨੁੱਖੀ ਵਿਵਹਾਰ ਦੇ ਅਧਿਐਨ ਤੇ ਜੋਰ ਦਿੰਦੀ ਹੈ। ਪ੍ਰੰਤੂ ਮਨੁੱਖੀ ਵਿਵਹਾਰ ਹਰ ਸਮਾਜ ਵਿੱਚ ਇੱਕੋ-ਜਿਹਾ ਨਹੀਂ ਹੁੰਦਾ। ਇੰਗਲੈਂਡ ਜਾਂ ਫਰਾਂਸ ਵਰਗੇ ਰਾਜਾਂ ਦੇ ਮਨੁੱਖੀ ਵਿਵਹਾਰ ਦੇ ਨਿਯਮਾਂ ਨੂੰ ਸੁਡਾਨ ਜਾਂ ਘਾਨਾ ਵਰਗੇ ਰਾਜਾਂ ਦੇ ਮਨੁੱਖ ਵਿਵਹਾਰ ਤੇ ਲਾਗੂ ਕਰਨਾ ਸਹੀ ਨਹੀਂ ਹੋਵੇਗਾ।

# ਸਿੱਟਾ
# (Conclusion)

ਤੁਲਨਾਤਮਕ ਵਿਧੀ ਦੀ ਵਰਤੋਂ ਦੇ ਰਸਤੇ ਵਿੱਚ ਅਨੇਕਾਂ ਰੁਕਾਵਟਾਂ ਹਨ। ਪ੍ਰੰਤੂ ਬਹੁਤੀਆਂ ਰੁਕਾਵਟਾਂ ਅਜਿਹੀਆਂ ਹਨ ਜਿਹਨਾਂ ਤੋਂ ਬਚਿਆ ਜਾ ਸਕਦਾ ਹੈ। ਜਿਵੇਂ ਕਿ ਅਸੀਂ ਕਿਹਾ ਹੈ ਕਿ ਰਾਜਨੀਤੀ ਸ਼ਾਸਤਰੀ ਦਾ ਨਿਰਪੱਖ ਰਹਿਣਾ ਸੰਭਵ ਨਹੀਂ ਹੁੰਦਾ, ਰਾਜਨੀਤੀ ਸ਼ਾਸਤਰੀ ਕੋਲ਼ ਸਾਧਨਾਂ ਦੀ ਕਮੀ ਹੁੰਦੀ ਹੈ, ਰਾਜਨੀਤੀ ਦਾ ਖੇਤਰ ਬਹੁਤ ਵਿਸ਼ਾਲ ਹੋ ਗਿਆ ਹੈ, ਆਦਿ। ਪ੍ਰੰਤੂ ਇਹਨਾਂ ਰੁਕਾਵਟਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਜੇਕਰ ਰਾਜਨੀਤੀ ਵਿਗਿਆਨੀ ਸੰਸਥਾਤਮਕ ਤੌਰ ਤੇ ਇਕੱਠੇ ਹੋ ਕੇ ਹੰਭਲਾ ਮਾਰਨ ਤਾਂ ਸਾਂਝੇ ਰੂਪ ਵਿੱਚ ਅਧਿਐਨ ਕੀਤੇ ਜਾ ਸਕਦੇ ਹਨ। ਅਜਿਹੇ ਅਧਿਐਨ ਦੇ ਆਧਾਰ ਤੇ ਨਿਸ਼ਚਿਤ ਕੀਤੇ ਨਿਯਮ ਅਤੇ ਸਿਧਾਂਤ ਮਨੁੱਖਤਾ ਲਈ ਲਾਭਦਾਇਕ ਸਿੱਧ ਹੋਣਗੇ।




Joginder Singh Khatra

Assistant Professor & Head

Dept. of Political Science

Akal Degree College Mastuana